# ਪਰਿਵਾਰਾਂ ਅਤੇ ਸਿੱਖਿਅਕਾਂ ਲਈ ਕੋਵਿਡ-19 (COVID-19) ਦੇ ਟੀਕਿਆਂ ਬਾਰੇ ਆਮ ਸਵਾਲ

## 12 ਤੋਂ 17 ਸਾਲ ਦੀ ਉਮਰ ਦੇ ਲੋਕ Pfizer ਦਾ COVID-19 ਦਾ ਟੀਕਾ ਲਗਵਾ ਸਕਦੇ ਹਨ।

ਆਪਣੇ ਨੇੜੇ ਟੀਕਾਕਰਣ ਦੀ ਸਾਈਟ ਲੱਭਣ ਲਈ, **nyc.gov/vaccinefinder** ’ਤੇ ਜਾਓ ਜਾਂ **877-829-4692** ’ਤੇ ਕਾਲ ਕਰੋ। ਕਈ ਸਾਈਟਾਂ ’ਤੇ ਅਪੌਇੰਟਮੈਂਟ ਲੈਣ ਦੀ ਜ਼ਰੂਰਤ ਨਹੀਂ ਹੈ।

- ਟੀਕੇ ਮੁਫ਼ਤ ਹਨ! ਤੁਹਾਨੂੰ ਟੀਕਾ ਲਗਵਾਉਣ ਲਈ ਸਿਹਤ ਬੀਮੇ ਦੀ ਲੋੜ ਨਹੀਂ ਹੈ।
- ਕਿਸੇ ਨਾਬਾਲਗ ਦੁਆਰਾ ਟੀਕਾ ਲਗਵਾਉਣ ਲਈ ਮਾਪਿਆਂ ਜਾਂ ਸਰਪ੍ਰਸਤਾਂ ਨੂੰ ਵਿਅਕਤਕ ਤੌਰ ’ਤੇ ਜਾਂ ਫ਼ੋਨ ਰਾਹੀਂ ਸਹਿਮਤੀ ਦੇਣੀ ਪਵੇਗੀ। ਕਈ ਸਾਈਟਾਂ ਲਿਖਤੀ ਇਜਾਜ਼ਤ ਵੀ ਸਵੀਕਾਰ ਕਰਦੀਆਂ ਹਨ। 12 ਤੋਂ 15 ਸਾਲ ਦੀ ਉਮਰ ਦੇ ਕਿਸੇ ਵਿਅਕਤੀ ਨਾਲ ਵੀ ਇੱਕ ਬਾਲਗ ਦਾ ਹੋਣਾ ਲਾਜ਼ਮੀ ਹੈ।
- ਉਮਰ ਦਾ ਸਬੂਤ, ਜਿਵੇਂ ਇੱਕ ਆਈ.ਡੀ. ਜਾਂ ਜਨਮ ਦਾ ਸਰਟੀਫਿਕੇਟ, ਲੋੜੀਂਦਾ ਹੈ। ਕਿਸੇ ਨਾਬਾਲਗ ਵੱਲੋਂ ਮਾਤਾ/ਪਿਤਾ ਜਾਂ ਸਰਪ੍ਰਸਤ ਵੀ ਉਮਰ ਦੀ ਪੁਸ਼ਟੀ ਕਰ ਸਕਦਾ ਹੈ।
- ਕਲੀਨਿਕਲ ਅਧਿਐਨਾਂ ਵਿੱਚ 12 ਤੋਂ 17 ਸਾਲ ਦੀ ਉਮਰ ਦੇ ਲੋਕਾਂ ’ਤੇ Pfizer ਦੇ ਟੀਕੇ ਦਾ ਟੈਸਟ ਕੀਤਾ ਗਿਆ ਸੀ ਅਤੇ COVID-19 ਦੀ ਬਿਮਾਰੀ ਦੇ ਖ਼ਿਲਾਫ਼ ਸੁਰੱਖਿਅਤ ਅਤੇ ਕਾਰਗਰ ਪਾਇਆ ਗਿਆ ਸੀ। ਮਾੜੇ ਅਸਰ ਆਮ ਹਨ ਅਤੇ ਉਨ੍ਹਾਂ ਦਾ ਮਤਲਬ ਹੈ ਕਿ ਤੁਹਾਡਾ ਸਰੀਰ ਇਮਿਊਨਿਟੀ ਬਣਾ ਰਿਹਾ ਹੈ!

### 1. 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਟੀਕਾ ਲਗਵਾਉਣ ਦੀ ਲੋੜ ਕਿਉਂ ਹੈ? ਮੈਂ ਸੋਚਿਆ ਸੀ COVID-19 ਨੌਜਵਾਨਾਂ ਨੂੰ ਪ੍ਰਭਾਵਿਤ ਨਹੀਂ ਕਰਦਾ।

ਹਰ ਉਮਰ ਦੇ ਲੋਕਾਂ ਨੂੰ COVID-19 ਹੋ ਸਕਦਾ ਹੈ। ਜਦਕਿ ਆਮ ਤੌਰ ’ਤੇ COVID-19 ਬਾਲਗਾਂ ਲਈ ਜ਼ਿਆਦਾ ਖਤਰਨਾਕ ਹੁੰਦਾ ਹੈ, ਨੌਜਵਾਨ ਵੀ COVID-19 ਕਰਕੇ ਬਹੁਤ ਬਿਮਾਰ ਹੋਏ ਹਨ ਅਤੇ ਉਨ੍ਹਾਂ ਦੀ ਮੌਤ ਵੀ ਹੋਈ ਹੈ। ਕੁਝ ਲੋਕਾਂ ਵਿੱਚ COVID-19 ਹੋਣ ਤੋਂ ਬਾਅਦ ਲੰਬੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਵੀ ਹਨ, ਜਿਵੇਂ ਸਾਹ ਦੀ ਸਮੱਸਿਆ ਜਾਂ ਚਿਰਕਾਲੀ ਥਕਾਵਟ।

ਨੌਜਵਾਨਾਂ ਨੂੰ ਟੀਕਾ ਲਗਵਾਉਣਾ ਦੂਜਿਆਂ ਦਾ ਬਚਾਅ ਕਰਨ ਵਿੱਚ ਵੀ ਮਦਦ ਕਰਦਾ ਹੈ, ਜਿਵੇਂ ਦਾਦਾ-ਦਾਦੀ/ਨਾਨਾ-ਨਾਨੀ ਅਤੇ ਰਿਸ਼ਤੇਦਾਰ ਜਿਨ੍ਹਾਂ ਦੀ ਅਜਿਹੀ ਕੋਈ ਡਾਕਟਰੀ ਹਾਲਤ ਹੈ ਜੋ ਉਨ੍ਹਾਂ ਲਈ ਗੰਭੀਰ ਨਤੀਜਿਆਂ ਦੇ ਵਧੇਰੇ ਜੋਖਮ ਵਿੱਚ ਪਾਉਂਦੀ ਹੈ। ਇਹ ਤੁਹਾਡੀ ਕਮਿਊਨਿਟੀ ਵਿੱਚ ਲੋਕਾਂ ਦੀ ਮਦਦ ਵੀ ਕਰਦਾ ਹੈ, ਕਿਉਂਕਿ ਟੀਕਾ ਲਗਵਾਉਣਾ ਵਾਇਰਸ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰਦਾ ਹੈ। ਕਈ ਨੌਜਵਾਨ ਅਜੇ ਵੀ ਵਾਇਰਸ ਤੋਂ ਸੰਕਰਮਿਤ ਹੋ ਸਕਦੇ ਹਨ ਅਤੇ ਉਸਨੂੰ ਫੈਲਾ ਸਕਦੇ ਹਨ, ਭਾਵੇਂ ਉਹ ਬਿਮਾਰ ਮਹਿਸੂਸ ਨਹੀਂ ਕਰਦੇ।

### 2. ਕੀ ਮੈਨੂੰ ਟੀਕਾ ਲਗਵਾਉਣ ਦੀ ਲੋੜ ਹੈ?

ਹਰ ਕਿਸੇ ਦੀ ਟੀਕਾ ਲਗਵਾਉਣ ਬਾਰੇ ਇੱਕ ਪਸੰਦ ਹੈ। ਅਸੀਂ ਚਾਹੁੰਦੇ ਹਾਂ ਕਿ ਲੋਕਾਂ ਕੋਲ ਉਹ ਜਾਣਕਾਰੀ ਹੋਵੇ, ਫੈਸਲਾ ਲੈਣ ਲਈ ਉਨ੍ਹਾਂਨੂੰ ਜਿਸਦੀ ਲੋੜ ਹੈ।



NYC VACCINE FOR ALL: SAFE, FREE, EASY

NYC

**3. 18 ਸਾਲ ਤੋਂ ਘੱਟ ਉਮਰ ਦਾ ਕੋਈ ਵਿਅਕਤੀ ਕਿੱਥੋਂ ਟੀਕਾ ਲਗਵਾ ਸਕਦਾ ਹੈ?**

NYC ਵਿੱਚ ਟੀਕਾ ਲਗਵਾਉਣਾ ਸੌਖਾ ਹੈ। ਆਪਣੇ ਨੇੜੇ ਕੋਈ ਸਾਈਟ ਲੱਭਣ ਲਈ ਤੁਸੀਂ **nyc.gov/vaccinefinder** 'ਤੇ ਜਾ ਸਕਦੇ ਹੋ ਜਾਂ **877-829-4692** 'ਤੇ ਕਾਲ ਕਰ ਸਕਦੇ ਹੋ। 12 ਤੋਂ 17 ਸਾਲ ਦੀ ਉਮਰ ਦੇ ਲੋਕਾਂ ਨੂੰ ਸਿਰਫ਼ Pfizer ਦਾ ਟੀਕਾ ਲਗਾਇਆ ਜਾ ਸਕਦਾ ਹੈ, ਇਸ ਲਈ ਉਹ ਟੀਕਾ ਲਗਾਉਣ ਵਾਲੀ ਕਿਸੇ ਸਾਈਟ ਦੀ ਭਾਲ ਕਰਨਾ ਯਕੀਨੀ ਕਰੋ।

**4. ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਟੀਕੇ ਨੌਜਵਾਨਾਂ ਲਈ ਕਾਰਗਰ ਹਨ?**

ਨੌਜਵਾਨਾਂ ਵਿੱਚ Pfizer ਦੇ ਟੀਕੇ ਦਾ ਅਧਿਐਨ ਕੀਤਾ ਗਿਆ ਸੀ ਅਤੇ ਉਹ ਬਹੁਤ ਸੁਰੱਖਿਅਤ ਅਤੇ ਕਾਰਗਰ ਪਾਇਆ ਗਿਆ ਸੀ। ਯੂ.ਐੱਸ. ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਅਤੇ ਹੋਰ ਸੰਗਠਨਾਂ ਦੇ ਨਾਲ-ਨਾਲ ਸੁਤੰਤਰ ਮਾਹਰਾਂ ਦੁਆਰਾ ਇਸ ਪਰਕਿਰਿਆ ਦੀ ਨੇੜਿਓਂ ਨਿਗਰਾਨੀ ਕੀਤੀ ਗਈ ਸੀ।

**5. ਮਾੜੇ ਅਸਰ ਕੀ ਹਨ? ਕੀ ਇਸ ਨਾਲ ਕੋਈ ਪਰੇਸ਼ਾਨੀ ਹੋਵੇਗੀ?**

ਕਿਸੇ ਵੀ ਹੋਰ ਟੀਕੇ ਵਾਂਗ, ਟੀਕਾ ਲਗਵਾਉਣ ਵੇਲੇ ਕੋਈ ਨੌਜਵਾਨ ਵਿਅਕਤੀ ਥੋੜ੍ਹਾ ਦਰਦ ਮਹਿਸੂਸ ਕਰ ਸਕਦਾ ਹੈ। ਉਸਤੋਂ ਬਾਅਦ, ਉਸਦੀ ਬਾਂਹ ਵਿੱਚ ਟੀਕਾ ਲਗਾਉਣ ਦੀ ਥਾਂ 'ਤੇ ਦਰਦ ਹੋ ਸਕਦਾ ਹੈ, ਅਤੇ ਉਹ ਥਕਾਨ ਜਾਂ ਪੀੜ ਮਹਿਸੂਸ ਕਰ ਸਕਦਾ ਹੈ, ਉਸਨੂੰ ਸਿਰਦਰਦ, ਜਾਂ ਬੁਖਾਰ ਹੋ ਸਕਦਾ ਹੈ। ਆਮ ਤੌਰ 'ਤੇ ਇਹ ਸੰਕੇਤ ਹੁੰਦੇ ਹਨ ਕਿ ਸਰੀਰ ਸੁਰੱਖਿਆ ਬਣਾ ਰਿਹਾ ਹੈ। ਆਮ ਤੌਰ 'ਤੇ ਮਾੜੇ ਅਸਰ ਇੱਕ ਤੋਂ ਦੋ ਦਿਨਾਂ ਤੱਕ ਰਹਿੰਦੇ ਹਨ। ਜੇਕਰ ਮਾੜੇ ਅਸਰਾਂ ਬਾਰੇ ਤੁਹਾਨੂੰ ਕੋਈ ਫ਼ਿਕਰ ਹੈ, ਤਾਂ ਆਪਣੇ ਪੀਡੀਐਟ੍ਰੀਸ਼ਨ ਨਾਲ ਗੱਲ ਕਰੋ ਜਾਂ **311** 'ਤੇ ਕਾਲ ਕਰੋ।

Pfizer ਦੇ ਦੋ ਟੀਕੇ ਲਗਾਉਣਾ ਜ਼ਰੂਰੀ ਹੈ। ਦੂਜਾ ਟੀਕਾ ਲਗਾਉਣਾ ਜ਼ਰੂਰੀ ਹੈ ਭਾਵੇਂ ਪਹਿਲੇ ਟੀਕੇ ਤੋਂ ਬਾਅਦ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਮਾੜੇ ਅਸਰ ਹੋਏ ਹੋਣ।

**6. ਟੀਕੇ ਦੀ ਕੀਮਤ ਕਿੰਨੀ ਹੈ? ਜੇਕਰ ਸਾਡੇ ਕੋਲ ਬੀਮਾ ਨਹੀਂ ਹੈ ਤਾਂ ਕੀ ਹੋਵੇਗਾ?**

ਟੀਕਾ ਮੁਫ਼ਤ ਹੈ ਅਤੇ ਉਹ ਲਗਵਾਉਣ ਲਈ ਤੁਹਾਨੂੰ ਬੀਮੇ ਦੀ ਲੋੜ ਨਹੀਂ ਹੈ। ਜੇਕਰ ਤੁਹਾਡੇ ਕੋਲ ਬੀਮਾ ਹੈ, ਤਾਂ ਉਸ ਕੰਪਨੀ ਨੂੰ ਬਿਲ ਕੀਤਾ ਜਾ ਸਕਦਾ ਹੈ, ਪਰ ਤੁਹਾਨੂੰ ਕੋਈ ਸਹਿ-ਭੁਗਤਾਨ ਜਾਂ ਕਿਸੇ ਹੋਰ ਸ਼ੁਲਕ ਲਈ ਭੁਗਤਾਨ ਨਹੀਂ ਕਰਨਾ ਪਵੇਗਾ।

**7. ਮੇਰੇ ਪਰਿਵਾਰ ਕੋਲ ਕੋਈ ਡਾਕਟਰ ਨਹੀਂ ਹੈ। ਜੇਕਰ ਮੇਰਾ ਕੋਈ ਸਵਾਲ ਹੋਵੇ ਤਾਂ ਮੈਨੂੰ ਕਿਸ ਨੂੰ ਕਾਲ ਕਰਨਾ ਚਾਹੀਦਾ ਹੈ?**

ਟੀਕਿਆਂ ਬਾਰੇ ਵਧੇਰੀ ਜਾਣਕਾਰੀ ਲਈ, **nyc.gov/covidvaccine** ਜਾਂ **cdc.gov/covidvaccine** 'ਤੇ ਜਾਓ। ਤੁਸੀਂ **311** 'ਤੇ ਵੀ ਕਾਲ ਕਰ ਸਕਦੇ ਹੋ ਅਤੇ COVID-19 ਦੇ ਟੀਕਿਆਂ ਬਾਰੇ ਕਿਸੇ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ।

**8. ਟੀਕਾ ਲਗਵਾਉਣ ਤੋਂ ਬਾਅਦ ਇੱਕ ਨੌਜਵਾਨ ਵਿਅਕਤੀ ਕੀ ਕਰ ਸਕਦਾ ਹੈ?**

ਕਿਸੇ ਵਿਅਕਤੀ ਦੇ ਸੰਪੂਰਨ ਟੀਕਾਕਰਣ ਤੋਂ ਬਾਅਦ ਸਾਰੀਆਂ ਕਿਰਿਆਵਾਂ ਸੁਰੱਖਿਅਤ ਹਨ! ਜਿਨ੍ਹਾਂ ਲੋਕਾਂ ਦਾ ਸੰਪੂਰਨ ਟੀਕਾਕਰਣ ਹੋ ਚੁੱਕਾ ਹੈ ਉਹ ਉਨ੍ਹਾਂ ਕਿਰਿਆਵਾਂ ਨੂੰ ਬਹਾਲ ਕਰ ਸਕਦੇ ਹਨ, ਮਹਾਂਮਾਰੀ ਤੋਂ ਪਹਿਲਾਂ ਉਹ ਜਿਨ੍ਹਾਂ ਦਾ ਅਨੰਦ ਮਾਣਦੇ ਸਨ ਅਤੇ ਫੇਸ ਕਵਰਿੰਗ ਪਾਏ ਬਿਨਾਂ ਜਾਂ ਸਰੀਰਕ ਦੂਰੀ ਬਣਾ ਕੇ ਰੱਖੇ ਬਿਨਾਂ ਜ਼ਿਆਦਾਤਰ ਕਿਰਿਆਵਾਂ ਕਰ ਸਕਦੇ ਹਨ। ਕੁਝ ਥਾਂਵਾਂ 'ਤੇ, ਲੋਕਾਂ ਨੂੰ ਮਾਸਕ ਪਾਉਣੇ ਪੈਣਗੇ, ਭਾਵੇਂ ਉਹ ਟੀਕਾ ਲਗਵਾ ਚੁੱਕੇ ਹਨ। ਇਨ੍ਹਾਂ ਵਿੱਚ ਸਕੂਲ, ਪਬਲਿਕ ਟ੍ਰਾਂਸਪੋਰਟੇਸ਼ਨ, ਸਟੋਰਸ ਅਤੇ ਹੋਰ ਜਨਤੱਕ ਥਾਂਵਾਂ ਸ਼ਾਮਲ ਹਨ, ਜੇਕਰ ਮਾਲਕ ਜਾਂ ਓਪਰੇਟਰ ਵੱਲੋਂ ਉਹ ਜ਼ਰੂਰੀ ਹੈ।

ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਜਦੋਂ ਤੱਕ ਜ਼ਿਆਦਾ ਲੋਕਾਂ ਨੂੰ ਟੀਕਾ ਨਹੀਂ ਲਗਾਇਆ ਜਾਂਦਾ ਓਦੋਂ ਤੱਕ ਕਿਸੇ ਅੰਦਰਲੀ ਥਾਂ 'ਤੇ ਰਹਿਣ ਵੇਲੇ ਹਰ ਕੋਈ ਆਪਣੀ ਫੇਸ ਕਵਰਿੰਗ ਪਹਿਨ ਕੇ ਰੱਖੇ।

**9. ਕੀ 12 ਤੋਂ 17 ਸਾਲ ਦੀ ਉਮਰ ਦੇ ਲੋਕਾਂ ਨੂੰ ਟੀਕਾ ਲਗਵਾਉਣ ਲਈ ਇਜਾਜ਼ਤ ਦੀ ਲੋੜ ਹੈ?**

ਹਾਂ। ਮਾਤਾ/ਪਿਤਾ ਜਾਂ ਸਰਪ੍ਰਸਤ ਨੂੰ ਸਹਿਮਤੀ ਦੇਣੀ ਪਵੇਗੀ। ਅਪੌਇੰਟਮੈਂਟ ਦੇ ਸਮੇਂ 'ਤੇ ਵਿਅਕਤਕ ਤੌਰ 'ਤੇ ਜਾਂ ਫ਼ੋਨ ਰਾਹੀਂ ਸਹਿਮਤੀ ਦਿੱਤੀ ਜਾ ਸਕਦੀ ਹੈ। ਸਿਟੀ ਵੱਲੋਂ ਚਲਾਈਆਂ ਜਾਣ ਵਾਲੀਆਂ ਸਾਰੀਆਂ ਸਾਈਟਾਂ ਸਮੇਤ, ਟੀਕਾਕਰਣ ਦੀਆਂ ਕੁਝ ਸਾਈਟਾਂ ਲਿਖਤੀ ਸਹਿਮਤੀ ਵੀ ਸਵੀਕਾਰ ਕਰਦੀਆਂ ਹਨ। 12 ਤੋਂ 15 ਸਾਲ ਦੀ ਉਮਰ ਦੇ ਨੌਜਵਾਨਾਂ ਦੇ ਨਾਲ ਮਾਤਾ/ਪਿਤਾ ਜਾਂ ਸਰਪ੍ਰਸਤ ਨੂੰ ਜਾਂ ਮਾਤਾ/ਪਿਤਾ ਜਾਂ ਸਰਪ੍ਰਸਤ ਦੁਆਰਾ ਚੁਣੇ ਗਏ ਕਿਸੇ ਹੋਰ ਬਾਲਗ ਦੇਖਭਾਲਕਰਤਾ ਨੂੰ ਟੀਕਾਕਰਣ ਦੀ ਸਾਈਟ 'ਤੇ ਆਉਣਾ ਪਵੇਗਾ।

ਇੱਕ ਨੌਜਵਾਨ ਨੂੰ ਉਮਰ ਦੇ ਸਬੂਤ ਦੀ ਲੋੜ ਹੋਵੇਗੀ, ਜਿਵੇਂ ਜਨਮ ਦਾ ਸਰਟੀਫਿਕੇਟ ਜਾਂ ਉਸਦੀ ਜਨਮ ਦੀ ਤਾਰੀਖ਼ ਨਾਲ ਇੱਕ ਆਈ.ਡੀ.। ਜੇਕਰ ਉਸਦੇ ਕੋਲ ਉਮਰ ਦਾ ਸਬੂਤ ਨਹੀਂ ਹੈ, ਤਾਂ ਮਾਤਾ/ਪਿਤਾ ਜਾਂ ਸਰਪ੍ਰਸਤ ਉਸਦੀ ਉਮਰ ਦੀ ਤਸਦੀਕ ਕਰ ਸਕਦਾ ਹੈ। ਤੁਹਾਨੂੰ ਟੀਕਾ ਲਗਵਾਉਣ ਲਈ ਆਪਣੀ ਇਮੀਗ੍ਰੇਸ਼ਨ ਦੀ ਸਥਿਤੀ ਦੱਸਣ ਦੀ ਲੋੜ ਨਹੀਂ ਹੈ।

**ਹੇਠਾਂ ਦਿੱਤੀਆਂ ਗਈਆਂ ਸਾਈਟਾਂ ਲਈ ਅਪੌਇੰਟਮੈਂਟ ਦੀ ਜ਼ਰੂਰਤ ਨਹੀਂ ਹੈ। ਵਾਧੂ ਸਾਈਟਾਂ ਲੱਭਣ ਲਈ, nyc.gov/vaccinefinder 'ਤੇ ਜਾਓ ਅਤੇ ਟੀਕੇ ਦੀ ਕਿਸਮ "Pfizer" ਨਾਲ ਖੋਜੋ।**

## Brooklyn

**NYC Health + Hospitals, Coney Island**
2601 Ocean Parkway
Brooklyn, NY 11235

**NYC Health + Hospitals, Kings County**
451 Clarkson Ave.
Brooklyn, NY 11203

**NYC Health + Hospitals, Woodhull**
760 Broadway
Brooklyn, NY 11206

**NYC Vaccine Hub - St. Nicks Alliance**
211 Ainslie St.
Brooklyn, NY 11211

**NYC Vaccine Hub - Flatbush YMCA**
1401 Flatbush Ave.
Brooklyn, NY 11210

**NYC Vaccine Hub - Starrett City/Spring Creek Towers Cityblock Health**
1310 Pennsylvania Ave.
Brooklyn, NY 11239

**Barclays Center - Modell's Sports**
140 Flatbush Ave.
Brooklyn, NY 11217

NYC Vaccine Hub - Brooklyn **Children's Museum**
145 Brooklyn Avenue
Brooklyn, NY 11203

## Bronx

**Bronx Zoo Vaccination Site**
2300 Southern Blvd.
Bronx, NY 10460

**NYS - Bay Eden Senior Center**
1220 E. 229th St.
Bronx, NY 10466

**NYC Health + Hospitals, Jacobi**
1400 Pelham Parkway South
Bronx, NY 10461

**NYC Health + Hospitals, Lincoln**
234 E. 149th St.
Bronx, NY 10451

**NYC Health + Hospitals, North Central Bronx**
3424 Kossuth Ave.
Bronx, NY 10467

**NYC Vaccine Hub - Lehman College - The Apex Center**
250 Bedford Park Blvd. West
Bronx, NY 10468

## Manhattan

**NYS - Javits Center**
429 11th Ave.
Manhattan, NY 10018

**NYC Health + Hospitals, Bellevue**
462 First Ave.
Manhattan, NY 10016

**NYC Health + Hospitals, Harlem**
506 Lenox Ave.
Manhattan, NY 10037

**NYC Health + Hospitals, Metropolitan**
1901 First Ave.
Manhattan, NY 10029

**NYC Vaccine Hub - Yeshiva University**
2495 Amsterdam Ave.
Manhattan, NY 10033

**NYC Vaccine Hub - Abyssinian Baptist Church**
132 West 138th St.
Manhattan, NY 10030

**NYC Vaccine Hub - American Museum of Natural History**
200 Central Park West
Manhattan, NY 10024

**NYC Vaccine Hub - ATC Vaccination Times Square (ਪਿੱਛਲਾ NFL ਤਜਰਬਾ)**
20 Times Square
Manhattan, NY 10036

**NYC Vaccine Hub - Fulton Center/Google**
119 9th Ave.
Manhattan, NY 10011

## Staten Island

**Northwell SIUH - Empire Outlets**
55 Richmond Terrace
Staten Island, NY 10301

**NYC Vaccine Hub - St. Joseph - St. Thomas School**
50 Maguire Ave.
Staten Island, NY 10309

**Northwell SIUH - Staten Island Mall**
280 Marsh Ave.
Staten Island, NY 10314

## Queens

**NYS - Aqueduct Racetrack**
110-00 Rockaway Blvd.
Queens, NY 11420

**Citi Field**
36-2 126th St.
Queens, NY 11368

**NYS-FEMA York College**
160-02 Liberty Ave.
Queens, NY 11433

**NYC Health + Hospitals, Elmhurst**
79-01 Broadway
Queens, NY 11373

**NYC Health + Hospitals, Queens**
82-68 164th St.
Queens, NY 11432

**NYC Vaccine Hub - Queensborough Community College Robert F. Kennedy Hall**
221-05 56th Ave.
Queens, NY 11364

**NYC Vaccine Hub - Korean Community Services**
203-05 32nd Ave.
Queens, NY 11361

**NYC Vaccine Hub - Queens Center Mall**
58-56 92nd St.
Queens, NY 11373

**NYC Vaccine Hub - Queens Public Library at Ozone Park**
92-24 Rockaway Blvd.
Queens, NY 11417

**Queens Public Library - Flushing Library**
41-17 Main St.
Queens, NY 11355

NYC